DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 33 Ending Date: Aug 15, 2025

EXPERIOR FINANCIAL GROUP INC
Insuring your Life. Ensuring your Trust.
Services We Provide
• Super Visa
• Travel/Disability
• Group Insurance
• Life Insurance
• Critical Illness
• RESP, RRSP
• TFSA, FHSA
ਸੁਪਰ ਵੀਜ਼ਾ ਇੰਸ਼ੋਰੈਂਸ ਲੈਣ ਲਈ ਫੋਨ ਕਰੋ
For More Info Call
Lakhjit S Sarang
604-613-9100

# ਮੀਰੀ ਪੀਰੀ ਨਗਰ ਕੀਰਤਨ ਮੌਕੇ ਸਰੀ ਦੀ ਮੇਅਰ ਬਰਿੰਡਾ ਲੌਕ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨੇ ਜਾਣ 'ਤੇ ਕੀਤਾ ਗਿਆ ਸਨਮਾਨਿਤ

ਸਰੀ:ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵੱਲੋਂ ਅੱਜ ਮੀਰੀ ਪੀਰੀ ਨਗਰ ਕੀਰਤਨ ਸਜਾਏ ਗਏ, ਜਿਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਸੰਗਤਾਂ ਨੇ ਬੇਮਿਸਾਲ ਉਤਸ਼ਾਹ ਦਿਖਾਇਆ। ਇਸ ਮੌਕੇ 'ਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਯਾਦਾਂ ਤੋਂ ਇਲਾਵਾ ਵੱਖ ਵੱਖ ਫਲੋਟ, ਸਿੱਖ ਸੰਸਥਾਵਾਂ, ਵਿਦਿਅਕ ਅਦਾਰੇ ਅਤੇ ਸੇਵਾਦਾਰ ਭਰਪੂਰ ਉਤਸ਼ਾਹ ਨਾਲ ਸ਼ਾਮਿਲ ਹੋਏ। ਨਗਰ ਕੀਰਤਨ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਮੁੱਖ ਸਟੇਜ ਤੇ ਸਰੀ ਦੀ ਮੇਅਰ ਬਰਿੰਡਾ ਲੌਕ ਨੂੰ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਵਲੋਂ ਮੀਰੀ ਪੀਰੀ ਨਗਰ ਕੀਰਤਨ ਦੌਰਾਨ ਸਨਮਾਨਤ ਕੀਤਾ ਗਿਆ। ਮੇਅਰ ਨੂੰ ਇਸ ਸਨਮਾਨ ਉਹਨਾਂ ਵੱਲੋਂ 23 ਜੁਲਾਈ ਦੇ ਦਿਹਾੜੇ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨੇ ਜਾਣ ਅਤੇ ਗੁਰੂ ਨਾਨਕ ਜਹਾਜ ਨਾਂ ਦੀ ਬਹਾਲੀ ਲਈ ਕੀਤੇ ਉਪਰਾਲੇ ਲਈ ਦਿੱਤਾ ਗਿਆ। ਮੇਅਰ ਨੇ ਇਸ ਮੌਕੇ 'ਤੇ ਸਿੱਖ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਨਮਾਨ ਲਈ ਉਹ ਸਿੱਖ ਭਾਈਚਾਰੇ ਦੀ ਹਮੇਸ਼ਾ ਰਿਣੀ ਰਹੇਗੀ। ਉਸਨੇ ਕਿਹਾ ਕਿ ਗੁਰੂ ਨਾਨਕ ਜਹਾਜ਼ ਨਾਂ ਦਾ ਐਲਾਨ ਕਰਨਾ ਉਸ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਹੈਰੀਟੇਜ਼ ਸੁਸਾਇਟੀ ਬੀਸੀ ਕੈਨੇਡਾ ਡਾ. ਗੁਰਵਿੰਦਰ ਸਿੰਘ ਨੇ ਗੁਰੂ ਨਾਨਕ ਜਹਾਜ ਦੇ ਨਾਂ ਦੀ ਬਹਾਲੀ ਲਈ ਸਮੁੱਚੇ ਯਤਨਾ ਬਾਰੇ ਜਾਣਕਾਰੀ ਦਿੱਤੀ ਅਤੇ ਪਹਿਲਾਂ ਵੈਨਕੂਵਰ ਅਤੇ ਫਿਰ ਸਰੀ ਵੱਲੋਂ ਇਸ ਦਿਹਾੜੇ ਨੂੰ ਅਸਲੀਅਤ ਮੁਤਾਬਿਕ ਗੁਰੂ ਨਾਨਕ ਜਹਾਜ ਦਿਹਾੜਾ, ਐਲਾਨੇ ਜਾਣ ਤੇ ਖੁਸ਼ੀ ਪ੍ਰਗਟਾਈਲ ਸੰਸਥਾ ਦੀ ਸੇਵਾਦਾਰ ਭਾਈ ਰਾਜ ਸਿੰਘ ਭੰਡਾਲ ਨੇ ਸਰੀ ਸਿਟੀ ਵੱਲੋਂ ਪੇਸ਼ ਕੀਤਾ ਐਲਾਨਨਾਮਾ ਸੰਗਤਾਂ ਦੌਰਾਨ ਪੜ੍ਹ ਕੇ ਸੁਣਾਇਆ। ਇਸਮਾਗਮ ਦਾ ਸੰਚਾਲਨ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਹੋਠੀ ਵੱਲੋਂ ਕੀਤਾ ਗਿਆ ਸਮਾਗਮ ਦੇ ਅਗਲੇ ਹਿੱਸੇ ਵਿੱਚ ਸਿੱਖ ਸੰਸਥਾਵਾਂ ਦੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਪੰਥ ਦੀ ਇੱਕਜੁੱਟਤਾ ਅਤੇ ਸਾਂਝ ਵਾਸਤੇ ਦ੍ਰਿੜ ਅਹਦ ਲੈਣ ਦੀ ਅਰਦਾਸ ਕੀਤੀ। ਇਹ ਸਮਾਗਮ ਇਤਿਹਾਸਿਕ ਯਾਦਗਾਰੀ ਅਤੇ ਪ੍ਰੇਰਨਾ ਸਰੋਤ ਹੋ ਨਿਬੜੇ।



The Mortgage Centre
We work for you, not the lenders.
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ
ਕੰਸਟਰਕਸ਼ਨ ਮੌਰਟਗੇਜ
ਕਮਰਸ਼ੀਅਲ ਲੋਨ
ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

# ਖੁਸ਼ਰੀਤ ਕੌਰ ਨੇ ਸਿੱਖ ਕੌਮ ਦਾ ਨਾਮ ਕੀਤਾ ਉੱਚਾ

ਸਰੀ:-ਖੁਸ਼ਰੀਤ ਕੌਰ ਸੰਧੂ, ਜੋ ਅਗਸਤ ਵਿੱਚ 14 ਸਾਲ ਦੀ ਹੋ ਜਾਵੇਗੀ, ਨੂੰ ਟੀਮ ਕੈਨੇਡਾ ਨੇ ਵਿਸ਼ਵ ਤੀਰਅੰਦਾਜ਼ੀ ਯੁਵਾ ਚੈਂਪੀਅਨਸ਼ਿਪ 2025 (ਤੀਰਅੰਦਾਜ਼ੀ) ਲਈ ਚੁਣਿਆ ਹੈ, ਜੋ ਕਿ 17 ਤੋਂ 24 ਅਗਸਤ, 2025 ਤੱਕ ਵਿਨੀਪੈੱਗ ਵਿੱਚ ਆਯੋਜਿਤ ਕੀਤੀ ਜਾਵੇਗੀ। ਉਹ 18 ਸ਼੍ਰੇਣੀ ਵਿੱਚ ਮੁਕਾਬਲਾ ਕਰੇਗੀ, ਜੋ ਕਿ ਉਸਦੇ ਨੌਜਵਾਨ ਖੇਡ ਕਰੀਅਰ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਖੁਸ਼ਰੀਤ ਨੇ 2022 ਵਿੱਚ ਖੇਡ ਸ਼ੁਰੂ ਕੀਤੀ ਸੀ। ਉਸਦੀਆਂ ਪ੍ਰਾਪਤੀਆਂ ਇਸ ਪ੍ਰਕਾਰ ਹਨ:-ਸਿਲਵਰ ਮੈਡਲ। ਪ੍ਰੋਵਿੰਸ਼ੀਅਲ ਇਨਡੋਰ ਟਾਰਗੇਟ ਚੈਂਪੀਅਨਸ਼ਿਪ, ਵਿਨੀਪੈਗ, ਮਾਰਚ 2023,ਚੌਥਾ ਸਥਾਨ, ਨੌਰਥ ਡਕੋਟਾ ਚੈਂਪੀਅਨਸ਼ਿਪ, ਯੈਂਕਟਨ, ਅਮਰੀਕਾ, ਸਤੰਬਰ 2023,ਪਹਿਲਾ ਸਥਾਨ, ਮੈਨੀਟੋਬਾ ਪ੍ਰੋਵਿੰਸ਼ੀਅਲ ਆਊਟਡੋਰ ਚੈਂਪੀਅਨਸ਼ਿਪ, ਵਿਨੀਪੈਗ, ਸਤੰਬਰ 2023,ਪਹਿਲਾ ਸਥਾਨ, ਮੈਨੀਟੋਬਾ ਪ੍ਰੋਵਿੰਸ਼ੀਅਲ ਇਨਡੋਰ ਚੈਂਪੀਅਨਸ਼ਿਪ, ਵਿਨੀਪੈਗ, ਮਾਰਚ 2024,ਪਹਿਲਾ ਸਥਾਨ,

(ਬਾਕੀ ਸਫਾ ਬੀ-4 ਤੇ)



ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ,
ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
AIR CANADA
ਸੰਤੋਖ ਸਿੰਘ ਸਿੱਧੂ
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST.
(PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k
Gold Jewelry
Lucky Stones
Gemstones
40% OFF
Seiko & Citizen
Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

Pacific HOME WARRANTY
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305

FARM AND SPICE

# FARM AND SPICE

## Weekly Special

## Aug 08 – 14

*Special Sampling in Certain Stores*

Designer Rakhi Available at all Three Locations

| Item | Unit | Price |
|---|---|---|
| ਅਦਰਕ Ginger | per lb | $0.99 |
| ਜ਼ੁਕੀਨੀ Zucchini | Per lb | $1.49 |
| ਸੇਬ Apple Gala | Per lb | $0.99 |
| ਰੁਸੈਟ ਆਲੂ Russet Potatoes | 10 Lbs each | $3.99 |
| ਵਡੀ ਗਾਜਰ Jumbo Carrot | Per lb | $0.69 |
| ਦੇਸੀ ਟੀਂਡਾ Desi Tinda | Per lb | $0.99 |
| ਇੰਡੀਯਨ ਭਿੰਡੀ Indian Okra | Per lb | $2.99 |
| ਲਸਨ Garlic | 1 Kg each | $2.99 |
| ਕੈਨਟੀਨ ਕੁਕੀਜ਼ Canteen Assorted Cookies | 2.2 Lbs | $6.49 |
| ਅੰਬੇ ਮਿਠਾਈਆਂ Ambay Assorted Sweets | 1 Kg | $3.99 |
| ਡਾਬਰ ਸਰਸੋਂ ਤੇਲ Dabur Mustard Oil | 5 Ltrs | $27.99 |
| ਮੈਮਪਸਟਰ ਗੋਲਗਪੇ Mampster Golgappa | 290 gms | $8.99 |
| ਬਰਾਰ ਰਸਮਲਾਈ Brar Rasmalai Assorted | 850 gms | $8.99 |
| ਹੀਰ ਚਿੰਨੀ Heer Brown / White Sugar | 8 Lbs | $6.99 |
| ਰੂਹਅਫਜ਼ਾ ਭਾਰਤੀ Roohafza India | 750 ml | $3.49 |
| ਹੀਰ ਚਕੀ ਆਟਾ Heer Chakki Fresh / Whole Wheat Atta | 20 Lbs | $12.99 |

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਆਯਾਸ਼ੀਆਂ ਦੇ ਅੱਡੇ ਬਣੇ ਬਹੁਗਿਣਤੀ ਧਾਰਮਿਕ ਡੇਰੇ

## ਡੇਰੇਦਾਰਾਂ, ਪੁਲਿਸ ਤੇ ਰਾਜਨੀਤਿਕ ਆਗੂਆਂ ਦੀਆਂ ਆਪਸੀ ਸਾਂਝਾਂ ਸਮਾਜ ਲਈ ਘਾਤਕ

## ਰਾਮ ਰਹੀਮ, ਰਾਮਪਾਲ, ਆਸਾ ਰਾਮ ਤੇ ਸਵਾਮੀ ਦੇ ਭੋਰਿਆਂ ਦੀਆਂ ਗੁਫਾਵਾਂ ਵਿਚਲਾ ਸੱਚ

ਗੁਰਪ੍ਰੀਤ ਸਿੰਘ ਤਲਵੰਡੀ
7789809196

ਭਾਰਤ ਦੇਸ਼ ਗੁਰੂਆਂ, ਪੀਰਾਂ, ਪੈਗੰਬਰਾਂ ਤੇ ਦੇਵੀ ਦੇਵਤਿਆਂ ਦੀ ਧਰਤੀ ਹੈ। ਏਥੇ ਹਰ ਧਰਮ, ਫਿਰਕੇ ਤੇ ਮਜਹਬ ਦੇ ਲੋਕ ਵਸਦੇ ਹਨ। ਲੋਕਾਂ ਦੀ ਆਪੋ ਆਪਣੇ ਧਰਮ ਅੰਦਰ ਪੂਰੀ ਆਸਥਾ ਹੈ। ਲੇਕਿਨ ਇਹਨਾਂ ਧਰਮਾਂ ਦੀ ਆੜ ਵਿੱਚ ਦੇਸ਼ ਵਿੱਚ ਸ਼ਾਤਰ ਦਿਮਾਗ ਲੋਕਾਂ ਵਲੋਂ ਵੱਖ ਵੱਖ ਧਰਮਾਂ ਨਾਲ ਸੰਬੰਧਿਤ ਡੇਰੇ ਬਣਾਂ ਕੇ ਭੋਲੇ ਭਾਲੇ ਲੋਕਾਂ ਦੀ ਅੰਨੀ ਸ਼ਰਧਾ ਨੂੰ ਧਨ ਕਮਾਉਣ ਅਤੇ ਐਯਾਸ਼ੀਆਂ ਕਰਨ ਦਾ ਜਰੀਆ ਬਣਾਇਆ ਗਿਆ ਹੈ। ਟੈਲੀਵਿਜਨ ਚਲਾ ਕੇ ਦੇਖੋ ਕਿੰਨੇ ਵਿਹਨੜਾਂ ਦੀ ਫੋਜ ਵੱਖ ਵੱਖ ਧਰਮਾਂ ਦੇ ਮਖੌਟੇ ਪਾ ਕੇ ਲੋਕਾਂ ਨੂੰ ਪ੍ਰਵਚਨ ਸੁਣਾਂ ਕੇ ਆਪਣੇ ਮਗਰ ਲਗਾਈ ਬੈਠੀ ਹੈ। ਕੁੱਝ ਸਮਾਂ ਪਹਿਲਾਂ ਬਾਲੀਵੁੱਡ ਅਦਾਕਾਰ ਪਰੇਸ਼ ਰਾਵਲ ਦੀ ਫਿਲਮ 'ਓ ਮਈ ਗੌਡ' ਨੇ ਇਹਨਾਂ ਪਾਖੰਡੀ ਲੋਕਾਂ ਦੇ ਚੰਗੇ ਬਖੀਏ ਉਧੇੜੇ। ਜੇਕਰ ਗੱਲ ਕਰੀਏ ਇਹਨਾਂ ਡੇਰੇਦਾਰਾਂ ਦੇ ਆਚਰਣ ਦੀ ਤਾਂ ਬਹੁਤੇ ਡੇਰੇਦਾਰ ਆਪਣੇ ਡੇਰਿਆਂ ਨੂੰ ਅਯਾਸ਼ੀ ਦੇ ਅੱਡੇ ਬਣਾ ਚੁੱਕੇ ਹਨ। ਇਸ ਦੀਆਂ ਉਦਾਹਰਨਾਂ ਵੀ ਸਾਹਮਣੇ ਹਨ।

ਡੇਰਾ ਸਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਐਯਾਸ਼ੀਆਂ ਨੂੰ ਲੈ ਕੇ ਸਭ ਤੋਂ ਵੱਧ ਚਰਚਿਤ ਰਿਹਾ। ਆਪਣੇ ਡੇਰੇ ਦੇ ਸ਼ਰਧਾਲੂਆਂ ਨੂੰ ਪ੍ਰਮਾਤਮਾਂ ਨਾਲ ਮਿਲਾਪ ਦੇ ਸਬਜਬਾਗ ਦਿਖਾ ਕੇ ਪੁਰਸ਼ਾਂ ਨੂੰ ਉਪਰੇਸ਼ਨ ਕਰਕੇ ਨਿਪੁੰਸਕ ਕਰ ਦੇਣ ਤੋਂ ਬਾਅਦ ਉਨ੍ਹਾਂ ਦੀਆਂ ਮਹਿਲਾਵਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਨੇ ਉਸਦਾ ਨਿੱਤਾਪ੍ਰਤੀ ਦਾ ਕੰਮ ਸੀ। ਇੱਕ ਮਹਿਲਾ ਨੂੰ ਆਪਣੀ ਮੂੰਹਬੋਲੀ ਧੀ ਬਣਾਂ ਕੇ ਉਸ ਨਾਲ ਸੰਬੰਧ ਸ਼ਥਾਪਿਤ ਕਰਨ ਬਾਰੇ ਮਹਿਲਾ ਦਾ ਪਤੀ ਮੀਡੀਆ ਵਿੱਚ ਦੋਸ਼ ਲਗਾ ਚੁੱਕਾ ਹੈ। ਸਿੱਖਾਂ ਦੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚ ਕੇ ਸਿੱਖਾਂ ਦੀਆਂ ਭਾਵਨਾਵਾਂ ਭੜਕਾਈਆਂ ਅਤੇ ਹੁਣ ਉਕਤ ਬਾਬਾ ਜੇਲ ਦੀਆਂ ਸਲਾਖਾਂ ਪਿੱਛੇ ਹੈ। ਇਸ ਦੁਆਰਾ ਕੀਤੇ ਜਾਣ ਵਾਲੇ ਮਾੜੇ ਕੰਮਾਂ ਨੂੰ ਜੱਗ ਜਾਹਿਰ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਧਮਕੀਆਂ, ਕਨੂੰਨੀ ਕਾਰਵਾਈਆਂ ਦੇ ਡਰਾਵੇ ਜਾਂ ਫਿਰ ਪੱਤਰਕਾਰ ਛੱਤਰਪਤੀ ਨੂੰ ਮੌਤ ਦੇ ਘਾਟ ਉਤਾਰਨਾਂ ਵੀ ਇਸ ਦੇ ਕਾਲੇ ਕਾਰਨਾਮਿਆਂ ਨੂੰ ਜੱਗ ਜਾਹਿਰ ਕਰਦਾ ਹੈ। ਪੰਜਾਬ ਤੇ ਹਰਿਆਣਾਂ ਦੀਆਂ ਰਾਜਸੀ ਪਾਰਟੀਆਂ ਦੇ ਸ਼ਾਇਦ ਹੀ ਕੋਈ ਆਗੂ ਹੋਣਗੇ ਜੋ ਡੇਰਾ ਸਿਰਸਾ ਵਿਖੇ ਨਾਂ ਜਾ ਕੇ ਆਏ ਹੋਣ। ਆਪਣੇ ਆਪਨੂੰ ਵੱਡੇ ਪੰਥਕ ਅਖਵਉਣ ਵਾਲੇ ਆਗੂਆਂ ਨੇ ਤਾਂ ਇਸ ਬਾਬੇ ਨੂੰ ਸਭ ਤੋਂ ਵੱਧ ਮਾਨਤਾ ਦਿੱਤੀ, ਜਿਸ ਬਾਰੇ ਆਏ ਦਿਨ ਨਵੇਂ ਤੋਂ ਨਵੇਂ ਖੁਲਾਸੇ ਹੋ ਰਹੇ ਹਨ। ਇਹਨਾਂ ਲੋਕਾਂ ਵਲੋਂ ਰਾਮ ਰਹੀਮ ਨੂੰ ਉਸਦੇ ਕੀਤੇ ਪਾਪਾ ਤੋਂ ਬਚਾਉਣ ਲਈ ਸਿੱਖਾਂ ਦੇ ਸਿਰਮੌਰ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਵੀ ਵਰਤਿਆ ਗਿਆ। ਇਸ ਤੋਂ ਬਿਨ੍ਹਾਂ ਹਰਿਆਣਾਂ ਦੇ ਜਿਲ੍ਹਾ ਸੋਨੀਪਤ ਵਿੱਚ ਸੱਤਲੋਕ ਆਸ਼ਰਮ ਬਣਾਂ ਕੇ ਬੈਠੇ ਸੰਤ ਰਾਮਪਾਲ ਨੂੰ ਵੀ ਸਰਕਾਰਾਂ ਨੇ ਪੂਰੇ ਭੁਹੇ ਚੜਾਇਆ। ਜਦ ਬਾਬਾ ਸਰਕਾਰਾਂ ਨੂੰ ਅੱਖਾਂ ਦਿਖਾਉਣ ਲੱਗ ਗਿਆ ਤਾਂ ਮਾਨਯੋਗ ਅਦਾਲਤ ਵਲੋਂ ਵੱਡੀ ਨਫਰੀ ਪੈਰਾ ਮਿਲਟਰੀ ਫੋਰਸਾਂ ਤਾਇਨਾਤ ਕਰਕੇ ਇਸ ਢੌਂਗੀ ਬਾਬੇ ਨੂੰ ਨੱਥ ਪਾਈ। ਇਹ ਬਾਬਾ ਵੀ ਨਜਾਇਜ ਅਸਲੇ ਨਾਲ ਸਰਕਾਰੀ ਅਮਲੇ ਨਾਲ ਦੋ-ਦੋ ਹੱਥ ਕਰਨ ਦੀ ਤਿਆਰੀ ਕਰੀ ਬੈਠਾ ਸੀ। ਹੁਣ ਰਾਮਪਾਲ ਵੀ ਜੇਲ ਦੀ ਹਵਾ ਵਿੱਚ ਸਾਹ ਲੈ ਰਿਹਾ ਹੈ। ਰਾਮਪਾਲ ਹਰਿਆਣਾਂ ਦੇ ਜਿਲ੍ਹਾ ਸੋਨੀਪੱਤ ਵਿੱਚ ਆਪਣਾਂ ਸੱਤਲੋਕ ਆਸ਼ਰਮ ਨਾਂ ਦਾ ਡੇਰਾ ਬਣਾਈ ਬੈਠਾ ਸੀ ਅਤੇ ਆਪਣੇ ਆਪਨੂੰ ਕਬੀਰਪੰਥੀ ਫਿਰਕੇ ਨਾਲ ਸੰਬੰਧਿਤ ਦੱਸ ਰਿਹਾ ਸੀ। ਇਸ ਸਭ ਕੁੱਝ ਲਈ ਰਾਜਸੀ ਜਮਾਤਾਂ ਤੇ ਪੁਲਿਸ ਤੰਤਰ ਪੂਰੀ ਤਰ੍ਹਾਂ ਜਿੰਮੇਵਾਰ ਹੈ, ਜੋ ਅਜਿਹੇ ਗੁੰਡਾਤੰਤਰ ਤੇ ਐਯਾਸ਼ੀਆਂ ਦੇ ਅੱਡਿਆਂ ਨੂੰ ਵਧਣ ਫੁੱਲਣ ਦਾ ਮੌਕਾ ਦਿੰਦਾ ਹੈ।

ਆਪੇ ਬਣੇ ਬਾਪੂ ਆਸਾ ਰਾਮ ਦੇ ਕਾਰਨਾਮਿਆਂ ਤੋਂ ਕੌਣ ਜਾਣੂੰ ਨਹੀਂ ਹੈ। ਆਸਾ ਰਾਮ ਨੇ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਗੁਰੂ ਕੁੱਲ ਆਸ਼ਰਮ ਬਣਾਂ ਕੇ ਆਪਣੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਕੀਤਾ। ਆਪਣੇ ਸਮਾਗਮਾਂ ਵਿੱਚ ਬੀਬੀਆਂ ਨਾਲ ਨ੍ਰਿਤ ਕਰਨਾਂ ਵੀ ਇਸ ਬਾਬੇ ਦਾ ਸੌਂਕ ਸੀ। ਇਹ ਵੀ ਰਾਮ ਰਹੀਮ ਵਾਂਗ ਵਡੇਰੀ ਉਮਰ ਵਿੱਚ ਐਯਾਸ਼ੀਆਂ ਦਾ ਸ਼ੋਕੀਨ ਸੀ। ਜਦ ਆਸਾ ਰਾਮ ਤੇ ਇਸਦੇ ਪੁੱਤਰ ਨਰਾਇਣ ਸਾਂਈ ਦੇ ਕੁਕਰਮਾਂ ਦੀ ਸੂਚੀ ਲੰਬੀ ਹੋ ਗਈ ਤਾਂ ਇਸ ਬਾਰੇ ਮਾਨਯੋਗ ਅਦਾਲਤਾਂ ਤੱਕ ਵੀ ਮਾਮਲਾ ਅੱਪੜਿਆ ਤਾਂ ਪੁਲਿਸ ਦੁਆਰਾ ਇਸ ਨੂੰ ਵੀ ਕਾਬੂ ਕਰਕੇ ਜੇਲ ਭੇਜਿਆਂ ਗਿਆ। ਇਸਦਾ ਸਪੁੱਤਰ ਨਰਾਇਣ ਸਾਂਈਂ ਤਾਂ ਆਪਣੇ ਲੁਧਿਆਣਾਂ ਵਿਖੇ ਸਿੱਧਵਾਂ ਬ੍ਰਾਂਚ ਨਹਿਰ ਦੇ ਕੰਢੇ ਰਮਣੀਕ ਜਗ੍ਹਾ ਤੇ ਬਣੇ ਡੇਰੇ ਵਿੱਚੋਂ ਲੁਕਿਆ ਹੋਇਆ ਫੜਿਆ ਗਿਆ।

ਏੱਥੇ ਹੀ ਬੱਸ ਨਹੀਂ ਤੀਜੀ ਅੱਖ ਵਾਲੇ ਨਿਰਮਲ ਬਾਬੇ ਦਾ ਵੀ ਹਸ਼ਰ ਏਹੀ ਹੋਇਆ। ਉਸਨੂੰ ਇਨਕਮ ਟੈਕਸ ਵਿਭਾਗ ਸਮੇਤ ਬਹੁਤੇ ਵਿਭਾਗਾਂ ਨੇ ਕੁੱਝ ਕੁ ਸਾਲਾਂ ਵਿੱਚ ਹੀ ਹੱਦੋਂ ਵੱਧ ਜਾਇਦਾਦ ਬਨਾਉਣ ਲਈ ਲਪੇਟੇ ਵਿੱਚ ਲਿਆ। ਸ਼ਾਇਦ ਹੁਣ ਤੱਕ ਉਕਤ ਬਾਬਾ ਵੀ ਜੇਲ੍ਹ ਵਿੱਚ ਹੀ ਹੈ। ਇਹ ਬਾਬਾ ਨਿਰਮਲਜੀਤ ਸਿੰਘ ਨਰੂਲਾ, ਲੁਧਿਆਣਾਂ ਨਾਲ ਸੰਬੰਧਿਤ ਸੀ ਅਤੇ ਇਹ ਆਪਣਾ ਆਨਲਾਈਨ ਕਾਰੋਬਾਰ ਕਰਦਾ ਸੀ। ਟੈਲੀਵਿਜਨ ਉੱਪਰ ਪ੍ਰਵਚਨ ਕਰਨ ਤੋਂ ਬਾਅਦ ਲੋਕਾਂ ਨੰ ਆਨਲਾਈਨ ਭੇਟਾ ਦੇਣ ਲਈ ਪ੍ਰੇਰਤ ਕਰਦਾ ਦੀ। ਇਸ ਤਰਾਂ ਇਸਨੇ ਬੇਅੰਤ ਧਨ ਦੌਲਤ ਇਕੱਠੀ ਕੀਤੀ।




ਹੁਣ ਤਾਜਾ ਇੱਕ ਵੀਡੀਓ ਸਵਾਮੀ ਸ਼ੰਕਰਾਨੰਦ ਦੀ ਵਾਇਰਲ ਹੋਈ। ਇਸ ਵਿੱਚ ਵੀ ਬਾਬਾ ਕਿਸੇ ਸ਼ਰਧਾਲੂ ਬੀਬੀ ਨਾਲ ਇਤਰਾਜਯੋਗ ਹਾਲਤ ਵਿੱਚ ਦਿਖਾਈ ਦੇ ਰਿਹਾ ਹੈ। ਇਹ ਡੇਰਾ ਜਿਲ੍ਹਾ ਲੁਧਿਆਣਾਂ ਦੇ ਪਿੰਡ ਤਲਵੰਡੀ ਖੁਰਦ ਵਿੱਚ ਸਥਿੱਤ ਹੈ। ਇਲਾਕਾ ਨਿਵਾਸੀ ਸੰਘਰਸ਼ ਦੇ ਰਾਹ ਪਏ ਹਨ। ਇਸ ਤੋਂ ਬਿਨ੍ਹਾਂ ਬਾਬੇ ਨੂੰ ਗ੍ਰਿਫਤਾਰ ਕਰਵਾਉਣ ਲਈ ਮਾਨਯੋਗ ਅਦਾਲਤਾਂ ਦਾ ਸਹਾਰਾ ਵੀ ਲਿਆ ਜਾ ਰਿਹਾ ਹੈ। ਭੂਰੀ ਵਾਲੇ ਭੇਖ ਦੇ ਧਾਮ ਛੁਡਾਣੀ ਹਰਿਆਣਾਂ ਦੇ ਮੁਖੀ ਸਵਾਮੀ ਦਇਆ ਸਾਗਰ ਇਸ ਬਾਬੇ ਨੂੰ ਆਪਣੇ ਪੰਥ ਵਿੱਚੋਂ ਖਾਰਜ ਕਰ ਚੁੱਕੇ ਹਨ ਅਤੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਸਵਾਮੀ ਦਇਆ ਸਾਗਰ ਨੇ ਉਕਤ ਸਵਾਮੀ ਵਲੋਂ ਚਲਾਏ ਜਾ ਰਹੇ ਅਨਾਥ ਆਸ਼ਰਮ ਦੇ ਬੱਚਿਆਂ ਉੱਪਰ ਵੀ ਸ਼ੋਸ਼ਣ ਹੋਣ ਦੇ ਦੋਸ਼ ਲਗਾਏ ਹਨ। ਪੰਜਾਬ ਸਰਕਾਰ, ਮਾਨਯੋਗ ਅਦਾਲਤਾਂ ਜਾਂ ਬੱਚਿਆਂ ਦੀ ਭਲਾਈ ਲਈ ਕੰਮ ਕਰਦੀਆਂ ਸੰਸਥਾਵਾਂ ਨੂੰ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸਵਾਮੀ ਹਾਲੇ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ ਜਾਂ ਇਹ ਕਹਿ ਸਕਦੇ ਹਾਂ ਕਿ ਪੁਲਿਸ ਹਾਲੇ ਸਵਾਮੀ ਨੂੰ ਫੜਨ ਦੇ ਰੌਂਅ ਵਿੱਚ ਨਹੀਂ ਹੈ। ਇਸ ਮਾਮਲੇ ਤੇ ਰਾਜਸੀ ਆਗੂ ਵੀ ਹਾਲੇ ਤੱਕ ਚੁੱਪੀ ਸਾਧੀ ਬੈਠੇ ਹਨ। ਸਾਰੀਆਂ ਹੀ ਸਿਆਸੀ ਪਾਰਟੀਆਂ ਦਾ ਸ਼ਾਇਦ ਹੀ ☞

BADH
Accounting Services
26 Years Experience in Accounting
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"

Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com
Wedding Cards
ਵਿਆਹ ਦੇ ਕਾਰਡ

Best Rates
ਵਿਆਹ ਦੇ ਕਾਰਡ
Letterheads, Business Cards, Envelops, Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਗੁਰਮਤਿ ਵਿਚਾਰਧਾਰਾ, ਸਮਾਜਕ ਊਚ-ਨੀਚ ਦੀ ਦਾਤੀ ਵੇਦ-ਬਾਣੀ ਨੂੰ ਪ੍ਰਵਾਨ ਨਹੀਂ ਕਰਦੀ:ਗਿ. ਜਾਚਕ

ਕੋਟਕਪੂਰਾ(ਗੁਰਿੰਦਰ ਸਿੰਘ):ਗੁਰੂ ਨਾਨਕ ਸਾਹਿਬ ਦੀ ਬਖ਼ਸ਼ਿਸ਼ ਗੁਰਮਤਿ ਵੀਚਾਰਧਾਰਾ, ਸਮਾਜਕ ਊਚ-ਨੀਚ ਦੀ ਦਾਤੀ ਵੇਦ-ਬਾਣੀ ਨੂੰ ਪ੍ਰਵਾਨ ਨਹੀਂ ਕਰਦੀ। ਬਾਰ ਬੇਦ ਕਥਹਿ ਅਕਾਤ (ਪੰ.154) ਕਹਿ ਕੇ ਭਾਵੇਂ ਗੁਰੂ ਨਾਨਕ ਸਾਹਿਬ ਨੇ ਸਮਝਾ ਦਿਤਾ ਸੀ ਕਿ ਵੇਦ ਬਾਣੀ ਕੇਵਲ ਸੰਸਾਰ ਦੀ ਗੱਲ ਕਰਦੀ ਹੈ, ਨਿਰੰਕਾਰ ਦੀ ਨਹੀਂ। ਪਰ ਉਨ੍ਹਾਂ ਉਤਰਾਧਿਕਾਰੀ ਗੁਰੂ ਅੰਗਦ ਸਾਹਿਬ ਨੇ ਤਾਂ 'ਊਤਮੁ ਮਧਿਮ ਜਾਤੀ ਜਿਨਸੀ, ਭਰਮ ਭਾਵੇਂ ਸੰਸਾਰੁ ॥ ਪੰ 1243) ਕਹਿ ਕੇ ਬਿਲਕੁਲ ਸਪੱਸ਼ਟ ਕਰ ਦਿਤਾ ਕਿ ਵੇਦਾਂ ਦੀ ਤਾਲੀਮ ਅਨੁਸਾਰ ਹੀ ਦੁਨੀਆਂ ਉੱਚੀਆਂ ਨੀਵੀਆਂ ਜਾਤਾਂ ਅਤੇ ਗੋਰੇ ਕਾਲੇ ਰੰਗ ਵਰਗੀਆਂ ਕਿਸਮਾਂ ਦੇ ਭਰਮਾਂ ਵਿਚ ਖੁਆਰ ਹੁੰਦੀ ਹੈ।ਹੈਰਾਨੀ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਾਈਸ ਚਾਂਸਲਰ, ਆਰ.ਐਸ.ਐਸ. ਦੇ ਮੁਖੀ ਨੂੰ ਕਿਹੜੇ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਤੇ ਛੰਦ-ਬਾਣੀ ਨੂੰ ਇਕੱਠਿਆਂ ਲਿਖਣ ਦੀ ਸਲਾਹ ਦੇ ਰਿਹਾ ਹੈ? ਇਹ ਵਿਚਾਰ ਹਨ ਗਿ ਜਗਤਾਰ ਸਿੰਘ ਜਾਚਕ ਦੇ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਸਾਹਿਬ ਨੇ ਭਗਤ ਕਬੀਰ ਜੀ ਦੀ ਬਾਣੀ ਨੂੰ ਆਪ ਗੁਰੂ ਗ੍ਰੰਥ ਸਾਹਿਬ ਦਾ ਭਾਗ ਬਣਾਇਆ ਜਿਸ ਨੂੰ ਬਨਾਰਸ ਦੇ ਬਾਹਮਣ ਸ਼ੂਦਰ ਰਹਿ ਕੇ ਦੁਰਕਾਰਦੇ ਸਨ। ਭਗਤ ਜੀ ਦੇ ਲਿਖੇ ਸਭਦ' ਕਬੀਰ ਕਾਗਦ ਕੀ ਓਬਰੀ, ਮਸੁ ਕੋ ਕਰਮ ਕਪਾਟ ॥ ਪਾਹਨ ਰੀ ਪਿਰਥਮੀ, ਪੈਹਿਰ ਪਾੜੀ ਬਾਟ॥ ਪੰਨਾ 1371॥



ਵਿਚ ਸਪਸ਼ਟ ਆਖਿਆ ਗਿਆ ਹੈ ਕਿ ਪੰਡਤਾਂ ਦੇ ਵੇਦ ਤੇ ਸਿਮਰਤੀਆਂ ਐਸਾ ਕੈਦਖਾਨਹੈ ਹਨ, ਜਿਨ੍ਹਾਂ ਵਿਚ ਲਿਖੀ ਕਰਮਕਾਂਡੀ ਮਰਿਆਦਾ ਉਸ ਦੇ ਬੰਦ ਦਰਵਾਜ਼ੇ ਹਨ। ਇਸ ਕੈਦਖਾਨੇ ਵਿੱਚ ਰੱਖੀਆਂ ਪੱਥਰ ਦੀਆਂ ਮੂਰਤੀਆਂ ਨੇ ਧਰਤੀ ਦੇ ਬੰਦਿਆਂ ਨੂੰ ਸੰਸਾਰ ਸਮੁੰਦਰ ਵਿਚ ਡੋਬ ਦਿੱਤਾ ਹੈ।

ਪੰਡਤ ਲੋਕ ਸਾਦਾ ਦਿਲ ਬੰਦਿਆਂ ਨੂੰ ਇਸ ਕਰਮਕਾਡੀ ਮਰਿਆਦਾ ਵਿਚ ਫਸਾ ਕੇ ਅਤੇ ਮੂਰਤੀ-ਪੂਜਾ ਵਿਚ ਲਾ ਕੇ ਦਿਨ ਦਿਹਾੜੇ ਲੁੱਟ ਰਹੇ ਹਨ।

## (ਮੁੱਖ ਪੰਨੇ ਦੀ ਬਾਕੀ)

ਨੈਸ਼ਨਲ ਵੈਸਟ ਕੱਪ, ਵਿਨੀਪੈਗ, ਮਈ 2024,ਪਹਿਲਾ ਸਥਾਨ, ਤੀਰਅੰਦਾਜ਼ੀ ਨੈਸ਼ਨਲ ਟੂਰਨਾਮੈਂਟ, ਫਰੈਡਰਿਕਟਨ, ਨਿਊ ਬਰੰਸਵਿਕ, ਅਗਸਤ 2024,ਪਹਿਲਾ ਸਥਾਨ, ਮੈਨੀਟੋਬਾ ਆਊਟਡੋਰ ਟਾਰਗੇਟ ਚੈਂਪੀਅਨਸ਼ਿਪ, ਵਿਨੀਪੈਗ, ਸਤੰਬਰ 2024,ਪਹਿਲਾ ਸਥਾਨ, ਮੈਨੀਟੋਬਾ ਇਨਡੋਰ ਚੈਂਪੀਅਨਸ਼ਿਪ, ਵਿਨੀਪੈਗ, ਅਪ੍ਰੈਲ 2025,ਪਹਿਲਾ ਸਥਾਨ, ਨੈਸ਼ਨਲ ਵੈਸਟ ਕੱਪ, ਕੈਲਗਰੀ, ਜੂਨ 2025,ਖੁਸ਼ਰੀਤ ਕੌਰ ਸੰਧੂ ਦੇ ਕੋਚ ਅਤੇ ਮਾਪੇ ਉਸਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦੇ ਹੱਕਦਾਰ ਹਨ। ਖੁਸ਼ਰੀਤ ਕੌਰ ਦੇ ਪਿਤਾ ਜਸਪਾਲ ਸਿੰਘ ਸੰਧੂ ਅਤੇ ਮਾਤਾ ਹਰਜਿੰਦਰ ਕੌਰ ਸੰਧੂ ਪਿੰਡ ਚੁਪਕੀਤੀ (ਮੋਗਾ) ਨਾਲ ਸਬੰਧਤ ਹਨ।

☞ ਕੋਈ ਆਗੂ ਹੋਵੇਗਾ ਜੋ ਉਕਤ ਡੇਰੇ ਤੇ ਨਾਂ ਅੱਪੜਿਆ ਹੋਵੇਗਾ। ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਸਮੇਤ ਅਕਾਲ ਤਖਤ ਦੇ ਸਾਬਕਾ ਜੱਥੇਦਾਰ ਜੋਗਿੰਦਰ ਸਿੰਘ ਵੇਂਦਾਤੀ ਵੀ ਉਕਤ ਡੇਰੇ ਵਿੱਚ ਹਾਜਰੀ ਭਰ ਚੁੱਕੇ ਹਨ।

ਹੁਣ ਪਿੰਡ ਦੀ ਪੰਚਾਇਤ ਸਮੇਤ ਇਲਾਕਾ ਵਾਸੀ ਉਕਤ ਸਵਾਮੀ ਨੂੰ ਡੇਰਾ ਛੱਡਣ ਲਈ ਦਬਾਅ ਬਣਾ ਰਹੇ ਹਨ। ਰਾਜਸੀ ਆਗੂਆਂ ਦੀ ਚੁੱਪੀ ਵੀ ਕਈ ਤਰ੍ਹਾਂ ਦੇ ਸਵਾਲ ਖੜੇ ਕਰਦੀ ਹੈ। ਪੁਲਿਸ ਪ੍ਰਸ਼ਾਸ਼ਨ ਵੀ ਢਿੱਲਮੱਠ ਦੀ ਨੀਤੀ ਅਪਣਾਅ ਰਿਹਾ ਹੈ।

ਪ੍ਰੰਤੂ ਸਵਾਮੀ ਤੇ ਲੱਗ ਰਹੇ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।

ਏਥੇ ਇਹ ਗੱਲ ਵੀ ਹੈਰਾਨ ਕਰਨ ਵਾਲੀ ਹੈ ਕਿ ਪੰਜਾਬ ਦੇ ਬਹੁਤੇ ਡੇਰੇਦਾਰਾਂ ਨੂੰ ਅੱਧਖੜ ਉਮਰ ਜਾਂ ਬੁਢਾਪੇ ਵਿੱਚ ਹੀ ਕਿਉਂ ਐਯਾਸ਼ੀਆਂ ਕਰਨ ਦਾ ਚੇਤਾ ਆਉਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਬਹੁਤੇ ਬਾਬੇ ਪੁਰਾਣੇ ਰਾਜੇ ਮਹਾਰਾਜਿਆਂ ਵਾਂਗ ਆਪਣੇ ਕੋਲ ਵੈਦ ਰੱਖਦੇ ਹਨ ਅਤੇ ਸੋਨਾ, ਚਾਂਦੀ, ਹੀਰਾ ਭਸਮਾਂ ਖਾਦੇ ਹਨ, ਜਿਸ ਕਰਕੇ ਸੰਗਤ ਦੇ ਪੈਸੇ ਨਾਲ ਇਹਨਾਂ ਨੂੰ ਐਯਾਸ਼ੀਆਂ ਦੀ ਖੇਡ ਸੁੱਝਦੀ ਹੈ। ਇਸ ਤਰ੍ਹਾਂ ਇਹ ਆਪੇ ਬਣੇ ਬਾਬੇ ਜਾਂ ਮਹਾਤਮਾਂ ਸਮਾਜ ਲਈ ਵੱਡਾ ਨਾਸੂਰ ਬਣ ਰਹੇ ਹਨ। ਇਹ ਬਾਬਾਵਾਦ ਸਮਾਜ ਦੀ ਸੁਰੱਖਿਆ ਲਈ ਘਾਤਕ ਸਾਬਿਤ ਹੋ ਰਿਹਾ ਹੈ।

FIXMAN
GLASS REPAIR LTD
Auto
Residential
Commercial
"We Are The Clear Choice"
ICBC GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com

SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday


CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE IMMIGRATION & SETTLEMENT INC. Professional.Dedicated.Committed
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

Punjab TRAVELS

Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਮਾਲੇਗਾਓਂ ਮਾਮਲਾ:ਹਿੰਦੂ ਅੱਤਵਾਦ ਦੇ ਦੋਸ਼ੀ ਬਰੀ ਹੀ ਹੋਣੇ ਸਨ?:ਸਰਕਾਰੀ ਵਕੀਲ

## "ਜਦੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸੱਤਾ ਵਿੱਚ ਬੈਠੇ ਲੋਕਾਂ ਨੂੰ ਖੁਸ਼ ਕਰਨ ਲਈ ਗੁਪਤ ਇਰਾਦਿਆਂ ਨਾਲ ਕੰਮ ਕਰਦੀਆਂ ਹਨ ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਨਿਆਂ ਪਟੜੀ ਤੋਂ ਉੱਤਰ ਜਾਂਦਾ ਹੈ"

ਨਵੀਂ ਦਿੱਲੀ: 2008 ਦੇ ਮਾਲੇਗਾਓਂ ਧਮਾਕੇ ਦੇ ਮਾਮਲੇ ਵਿੱਚ ਸਾਬਕਾ ਵਿਸ਼ੇਸ਼ ਸਰਕਾਰੀ ਵਕੀਲ ਰੋਹਿਣੀ ਸਲੀਅਨ, ਜਿਸਨੇ 2015 ਵਿੱਚ ਦੋਸ਼ ਲਗਾਇਆ ਸੀ ਕਿ ਸਰਕਾਰ ਨੇ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਰਾਹੀਂ ਉਸਨੂੰ ਮਾਲੇਗਾਉਂ ਬੰਬ ਧਮਾਕੇ ਦੇ ਦੋਸ਼ੀਆਂ ਪ੍ਰਤੀ 'ਨਰਮੀ ਵਰਤਣ' ਲਈ ਕਿਹਾ ਸੀ। ਇੰਡੀਅਨ ਐਕਸਪ੍ਰੈਸ ਨਾਲ ਗੱਲ ਕਰਦਿਆਂ, ਉਸਨੇ ਦੋਸ਼ ਲਾਇਆ, "ਇਹ ਪਤਾ ਸੀ ਕਿ ਇਹ ਹੀ ਹੋਵੇਗਾ। ਜੇ ਤੁਸੀਂ ਠੋਸ ਸਬੂਤ ਪੇਸ਼ ਨਹੀਂ ਕਰਦੇ, ਤਾਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ? ਮੈਂ ਉਹ ਸਰਕਾਰੀ ਵਕੀਲ ਨਹੀਂ ਸੀ ਜਿਸਨੇ ਆਖਰਕਾਰ ਅਦਾਲਤ ਵਿੱਚ ਸਬੂਤ ਪੇਸ਼ ਕੀਤੇ। ਮੈਂ 2017 ਤੋਂ ਬਾਹਰ ਸੀ, ਅਤੇ ਇਸ ਤੋਂ ਪਹਿਲਾਂ ਮੈਂ ਬਹੁਤ ਸਾਰੇ ਸਬੂਤ ਪੇਸ਼ ਕੀਤੇ ਸਨ ਅਤੇ ਸੁਪਰੀਮ ਕੋਰਟ ਨੇ ਇਸਨੂੰ ਬਰਕਰਾਰ ਰੱਖਿਆ ਸੀ। ਉਹ ਸਭ ਕਿੱਥੇ ਗਾਇਬ ਹੋ ਗਏ?" ਉਸਨੇ ਕਿਹਾ, "ਮੈਂ ਇਸ ਫੈਸਲੇ ਤੋਂ ਨਿਰਾਸ਼ ਵੀ ਨਹੀਂ ਹਾਂ ਕਿਉਂਕਿ ਇਹ ਮੇਰੇ ਲਈ ਰੋਜ਼ਾਨਾ ਦਾ ਮਾਮਲਾ ਬਣ ਗਿਆ ਹੈ। ਜਦੋਂ ਇਹ ਵਾਰ-ਵਾਰ ਹੁੰਦਾ ਹੈ, ਤਾਂ ਅਸੀਂ ਆਪਣੀ ਸੰਵੇਦਨਸ਼ੀਲਤਾ ਗੁਆ ਦਿੰਦੇ ਹਾਂ। ਕੋਈ ਨਹੀਂ ਚਾਹੁੰਦਾ ਕਿ ਸੱਚ ਸਾਹਮਣੇ ਆਵੇ। ਅਸੀਂ ਬਹੁਤ ਮਿਹਨਤ ਕਰਦੇ ਹਾਂ, ਪਰ ਕੋਈ ਨਹੀਂ ਚਾਹੁੰਦਾ ਕਿ ਅਸੀਂ ਅਜਿਹਾ ਕਰੀਏ। ਆਖ਼ਰਕਾਰ, ਇਹ ਕਿਸਦੀ ਅਸਫਲਤਾ ਹੈ? ਸਾਡੀ ਆਪਣੀ - ਜਨਤਾ ਦੀ।"

ਉਸਨੇ ਜਨਤਾ ਨੂੰ ਕਿਹਾ ਕਿ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਇਹ ਵੀ ਤੁਹਾਡੇ ਦੁਆਰਾ ਚੁਣੀ ਗਈ ਹੈ। ਸਾਲੀਅਨ ਨੇ 2015 ਤੋਂ ਕਈ ਵਾਰ ਦੋਸ਼ ਲਗਾਇਆ ਹੈ ਕਿ ਜਦੋਂ ਤੋਂ ਕੇਂਦਰ ਵਿੱਚ ਸਰਕਾਰ ਬਦਲੀ (2014 ਵਿੱਚ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਸੱਤਾ ਵਿੱਚ ਆਈ) ਅਤੇ ਰਾਜ ਵਿੱਚ (ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਭਾਜਪਾ ਸਰਕਾਰ), ਉਸ 'ਤੇ ਦੋਸ਼ੀਆਂ ਵਿਰੁੱਧ "ਧੀਮੀ ਧੀਮੀ ਕਾਰਵਾਈ" ਕਰਨ ਲਈ ਦਬਾਅ ਪਾਇਆ ਗਿਆ ਸੀ। ਉਸਨੇ ਮਿਡ-ਡੇ ਨੂੰ ਦੱਸਿਆ ਕਿ ਇੱਕ ਸਰਕਾਰੀ ਵਕੀਲ ਵਜੋਂ ਉਸਦੀ ਭੂਮਿਕਾ ਰਾਜ ਦੀ ਨਿਰਪੱਖ ਪ੍ਰਤੀਨਿਧਤਾ ਕਰਨਾ ਸੀ ਅਤੇ ਉਸਨੂੰ ਬਿਨਾਂ ਕਿਸੇ ਨਿਆਂਇਕ ਆਦੇਸ਼ ਦੇ "ਹੌਲੀ ਹੌਲੀ ਕਾਰਵਾਈ" ਕਰਨ ਲਈ ਕਹਿਣਾ ਸੰਵਿਧਾਨ ਦੀ ਧਾਰਾ 21 (ਨਿਰਪੱਖ ਸੁਣਵਾਈ ਦਾ ਅਧਿਕਾਰ) ਅਤੇ ਧਾਰਾ 14 (ਕਾਨੂੰਨ ਦੇ ਸਾਹਮਣੇ ਸਮਾਨਤਾ) ਦੀ ਉਲੰਘਣਾ ਸੀ। 2015 ਵਿੱਚ ਐਕਸਪ੍ਰੈਸ ਨਾਲ ਗੱਲ ਕਰਦੇ ਹੋਏ, ਉਸਨੇ ਦਾਅਵਾ ਕੀਤਾ ਕਿ ਉਸਨੂੰ ਇੱਕ ਐਨਆਈਏ ਅਧਿਕਾਰੀ ਦਾ ਫੋਨ ਆਇਆ ਸੀ ਜਿਸ ਵਿੱਚ ਉਸਨੂੰ ਗੱਲਬਾਤ ਲਈ ਆਉਣ ਲਈ ਕਿਹਾ ਗਿਆ ਸੀ। "ਉਹ ਫ਼ੋਨ 'ਤੇ ਗੱਲ ਨਹੀਂ ਕਰਨਾ ਚਾਹੁੰਦਾ ਸੀ," ਸਾਲੀਅਨ ਨੇ ਦੋਸ਼ ਲਗਾਇਆ। ਉਹ ਆਇਆ ਅਤੇ ਮੈਨੂੰ ਦੱਸਿਆ ਕਿ ਇੱਕ ਸੁਨੇਹਾ ਹੈ ਕਿ ਮੈਨੂੰ ਨਰਮ ਰੁਖ਼ ਅਪਣਾਉਣਾ ਚਾਹੀਦਾ ਹੈ। ਉਸਨੇ ਇਹ ਵੀ ਦੋਸ਼ ਲਗਾਇਆ ਸੀ ਕਿ ਉਸ ਮਹੀਨੇ ਦੇ ਸ਼ੁਰੂ ਵਿੱਚ ਸੈਸ਼ਨ ਅਦਾਲਤ ਵਿੱਚ ਕੇਸ ਦੀ ਨਿਯਮਤ ਸੁਣਵਾਈ ਤੋਂ ਪਹਿਲਾਂ, ਉਸਨੂੰ ਦੱਸਿਆ ਗਿਆ ਸੀ ਕਿ 'ਉੱਚ ਅਧਿਕਾਰੀ' ਨਹੀਂ ਚਾਹੁੰਦੇ ਸਨ ਕਿ ਉਹ ਮਹਾਰਾਸ਼ਟਰ ਵੱਲੋਂ ਅਦਾਲਤ ਵਿੱਚ ਪੇਸ਼ ਹੋਵੇ ਅਤੇ ਕੋਈ ਹੋਰ ਵਕੀਲ ਕਾਰਵਾਈ ਵਿੱਚ ਹਿੱਸਾ ਲਵੇ।



ਐਨਆਈਏ ਨੇ ਫਿਰ ਸੈਲੀਅਨ ਨੂੰ ਆਪਣੇ ਵਕੀਲਾਂ ਦੇ ਪੈਨਲ ਤੋਂ ਡੀ-ਨੋਟੀਫਾਈ ਕਰ ਦਿੱਤਾ।

ਮਿਡ-ਡੇ ਨਾਲ ਗੱਲ ਕਰਦੇ ਹੋਏ, ਉਸਨੇ ਕਿਹਾ, 'ਜਦੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸੱਤਾ ਵਿੱਚ ਬੈਠੇ ਲੋਕਾਂ ਨੂੰ ਖੁਸ਼ ਕਰਨ ਲਈ ਗੁਪਤ ਇਰਾਦਿਆਂ ਨਾਲ ਕੰਮ ਕਰਦੀਆਂ ਹਨ, ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਨਿਆਂ ਪਟੜੀ ਤੋਂ ਉਤਰ ਜਾਂਦਾ ਹੈ। 'ਸੰਸਥਾਗਤ ਜਵਾਬਦੇਹੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਉਸਨੇ ਕਿਹਾ ਕਿ ਉਸਦੇ ਅਨੁਸਾਰ, ਇਹ ਸਿਰਫ ਇੱਕ ਪ੍ਰਕਿਰਿਆਤਮਕ ਗਲਤੀ ਨਹੀਂ ਹੈ ਬਲਕਿ ਇੱਕ ਸੰਵਿਧਾਨਕ ਅਸਫਲਤਾ ਹੈ। ਉਨ੍ਹਾਂ ਕਿਹਾ, 'ਇਹ ਲੋਕਤੰਤਰੀ ਜ਼ਮੀਰ ਦਾ ਸੱਦਾ ਹੈ, ਜਵਾਬਦੇਹੀ ਸਿਰਫ਼ ਨਿਆਂਇਕ ਨਹੀਂ ਹੈ, ਸਗੋਂ ਵੱਡੇ ਪੱਧਰ 'ਤੇ ਜਨਤਾ ਦੀ ਹੈ - ਅਸੀਂ, ਲੋਕ - ਅਤੇ ਮਾਲੇਗਾਓਂ ਫੈਸਲਾ ਅਪਰਾਧ ਅਤੇ ਅੱਤਵਾਦ ਦੇ ਪੀੜਤਾਂ ਨੂੰ ਨਿਆਂ ਪ੍ਰਦਾਨ ਕਰਨ ਵਿੱਚ ਲੋਕਾਂ ਦੀ ਸਮੂਹਿਕ ਅਸਫਲਤਾ ਹੈ।

# ਕੀ ਭਾਰਤ ਯੂਕਰੇਨ ਜੰਗ ਵਿੱਚ ਰੂਸ ਦੀ ਮੱਦਦ ਕਰ ਰਿਹਾ ਹੈ?

ਕੀਵ:5 ਅਗਸਤ ਨੂੰ ਹਿੰਦੁਸਤਾਨ ਟਾਈਮਜ਼ ਦੇ ਅਨੁਸਾਰ, ਯੂਕਰੇਨ ਨੇ ਰੂਸ ਦੁਆਰਾ ਯੂਕਰੇਨ ਵਿਰੁੱਧ ਵਰਤੇ ਜਾਣ ਵਾਲੇ ਈਰਾਨੀ-ਡਿਜ਼ਾਈਨ ਕੀਤੇ ਡਰੋਨਾਂ ਵਿੱਚ ਪਾਏ ਗਏ ਭਾਰਤੀ ਪੁਰਜ਼ੇ ਇਕੱਠੇ ਕੀਤੇ ਅਤੇ ਇਲੈਕਟ੍ਰਾਨਿਕ ਯੰਤਰਾਂ ਬਾਰੇ ਭਾਰਤ ਸਰਕਾਰ ਅਤੇ ਯੂਰਪੀਅਨ ਯੂਨੀਅਨ ਦੋਵਾਂ ਕੋਲ ਰਸਮੀ ਤੌਰ 'ਤੇ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਹਿੰਦੁਸਤਾਨ ਟਾਈਮਜ਼ ਦੁਆਰਾ ਸਮੀਖਿਆ ਕੀਤੀ ਗਈ ਸਥਿਤੀ ਅਤੇ ਦਸਤਾਵੇਜ਼ਾਂ ਤੋਂ ਜਾਣੂ ਸੂਤਰਾਂ ਦੇ ਅਨੁਸਾਰ, ਯੂਕਰੇਨ ਸਰਕਾਰ ਨੇ ਸ਼ਾਹੇਦ-136 ਵਿੱਚ ਭਾਰਤੀ ਪੁਰਜਿਆਂ ਲੱਭਣ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਘੱਟੋ-ਘੱਟ ਦੋ ਅਧਿਕਾਰਤ ਸੰਚਾਰ ਭੇਜੇ। ਯੂਕਰੇਨੀ ਜਾਂਚਕਰਤਾਵਾਂ ਨੇ ਡਿੱਗੇ ਹੋਏ ਸ਼ਾਹੇਦ-136 ਡਰੋਨਾਂ ਵਿੱਚ ਵਿਸ਼ਾ ਇੰਟਰਟੈਕਨਾਲੋਜੀ ਅਤੇ ਔਰਾ ਸੈਮੀਕੰਡਕਟਰ ਦੁਆਰਾ ਭਾਰਤ ਵਿੱਚ ਤਿਆਰ ਕੀਤੇ ਜਾਂ ਇਕੱਠੇ ਕੀਤੇ ਗਏ ਹਿੱਸਿਆਂ ਦਾ ਪਤਾ ਲਗਾਇਆ। ਡਰੋਨ ਦੇ ਵੋਲਟੇਜ ਰੈਗੂਲੇਸ਼ਨ ਯੂਨਿਟ ਨੂੰ ਭਾਰਤ ਵਿੱਚ ਅਸੈਂਬਲ ਕੀਤਾ ਗਿਆ ਸੀ।


ਮਨ ਮਨੁੱਖ ਦੀ ਕੁੰਜੀ ਹੈ
Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*7 ਅਗਸਤ ਦਿਨ ਵੀਰਵਾਰ ਕੀਰਤਨ ਅਤੇ ਲੰਗਰਾਂ ਦੀ ਸੇਵਾ ਸ਼ਾਮ 6-9 ਵਜੇ ਤੱਕ ਅਰਵਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਪਰਿਵਾਰਾਂ ਵੱਲੋਂ ਹੋਵੇਗੀ।

*8 ਅਗਸਤ ਦਿਨ ਸ਼ੁੱਕਰਵਾਰ ਹਾਲ ਨੰ:2 ਵਿਚ ਸ. ਮਹਾਂ ਸਿੰਘ ਪਰਿਵਾਰ ਵੱਲੋਂ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ।

*9 ਅਗਸਤ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਤੀਰਥ ਕੌਰ ਪਰਿਵਾਰ ਵੱਲੋਂ ਸਵੇਰੇ 10 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ।

*9 ਅਗਸਤ ਦਿਨ ਸ਼ਨਿੱਚਰਵਾਰ ਸ. ਗੁਰਪਾਲ ਸਿੰਘ ਸਹੋਤਾ ਪਰਿਵਾਰ ਦੇ ਘਰ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*9 ਅਗਸਤ ਦਿਨ ਸ਼ਨਿੱਚਰਵਾਰ ਸ. ਹਰਪ੍ਰੀਤ ਸਿੰਘ, ਸ. ਸਵਰਨਜੀਤ ਸਿੰਘ ਦੇ ਘਰ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*10 ਅਗਸਤ ਦਿਨ ਐਤਵਾਰ ਸ. ਮਨਜਿੰਦਰ ਸਿੰਘ ਪਰਿਵਾਰ ਵੱਲੋਂ ਲੰਗਰ ਅਤੇ ਕੀਰਤਨ ਦੀ ਸੇਵਾ ਹੋਵੇਗੀ।

*10 ਅਗਸਤ ਦਿਨ ਐਤਵਾਰ ਹਾਲ ਨੰ:2 ਵਿਚ ਸ. ਮਹਾਂ ਸਿੰਘ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਹੋਣਗੇ।

*10 ਅਗਸਤ ਦਿਨ ਐਤਵਾਰ ਜਗਪ੍ਰੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

**ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ**

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ
**ਗੁਰਬਾਣੀ ਸਿਮਰਨ**
**ਹਰ ਐਤਵਾਰ**
**ਦੁਪਹਿਰ 1 ਤੋਂ 4 ਵਜੇ ਤੱਕ**
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ

ਜਿਸ ਦਿਨ ਗੁਰੂ ਖਾਲਸਾ ਪੰਥ, ਪੰਥਕ ਰਵਾਇਤ ਮੁਤਾਬਕ ਪੰਜ ਆਗੂ ਤੇ ਇਕ ਸਾਖੀ ਚੁਣ ਲਵੇਗਾ ਅਤੇ ਪੰਜ ਸਿੰਘਾਂ ਦੀ ਆਗਿਆ ਵਿਚ ਚੱਲੇਗਾ, ਉਸ ਦਿਨ ਜਿਸ ਕੰਮ ਨੂੰ ਹੱਥ ਪਾਏਗਾ, ਫਤਿਹ ਹੋਵੇਗੀ। ਆਗੂ ਚੁਣਨ ਵੇਲੇ ਕਿਸੇ ਦਾ ਲਿਹਾਜ ਨਾ ਕੀਤਾ ਜਾਵੇ।
- ਸੰਤ ਅਤਰ ਸਿੰਘ ਜੀ



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਜੈਵੀਰ ਸਿੰਘ
ਕਰਨਾਲ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

**ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ**

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

# ਭਾਜਪਾ ਨੇਤਾ ਦੇ ਕਾਫ਼ਲੇ ’ਤੇ ਹਮਲਾ, ਗੱਡੀਆਂ ਦੀ ਭੰਨਤੋੜ

ਕੋਲਕਾਤਾ, (ਯੂ. ਐਨ. ਆਈ.)-ਪੱਛਮੀ ਬੰਗਾਲ ਵਿੱਚ ਭਾਜਪਾ ਨੇਤਾ ਸੁਵੇਂਦੂ ਅਧਿਕਾਰੀ ਦੇ ਕਾਫਲੇ ’ਤੇ ਹਮਲਾ ਕੀਤਾ ਗਿਆ। ਕੁਝ ਲੋਕਾਂ ਨੇ ਉਨ੍ਹਾਂ ਦੀ ਗੱਡੀ ’ਤੇ ਪੱਥਰਬਾਜ਼ੀ ਕੀਤੀ। ਇਹ ਘਟਨਾ ਅੱਜ ਸਵੇਰੇ ਵਾਪਰੀ, ਜਦੋਂ ਸੁਵੇਂਦੂ ਅਧਿਕਾਰੀ ਪੱਛਮੀ ਬੰਗਾਲ ਦੇ ਕੂਚ ਬਿਹਾਰ ਵਿੱਚ ਇੱਕ ਵਿਰੋਧ ਰੈਲੀ ਦੀ ਅਗਵਾਈ ਕਰ ਰਹੇ ਸਨ, ਜਦੋਂ ਕੁਝ ਲੋਕਾਂ ਨੇ ਉਨ੍ਹਾਂ ਦੇ ਕਾਫਲੇ ਨੂੰ ਨਿਸ਼ਾਨਾ ਬਣਾਇਆ। ਸੁਵੇਂਦੂ ਅਧਿਕਾਰੀ ਦੇ ਵਿਰੋਧ ਦੇ ਜਵਾਬ ਵਿੱਚ, ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੇ ਮੈਂਬਰਾਂ ਨੇ ਵੀ ਇਲਾਕੇ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ।ਇਸ ਘਟਨਾ ਤੋਂ ਬਾਅਦ, ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ ਹੈ। ਕੂਚ ਬਿਹਾਰ ਤੋਂ ਹਮਲੇ ਤੋਂ ਬਾਅਦ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਪੁਲਿਸ ਗੱਡੀ ਦਾ ਸ਼ੀਸ਼ਾ ਟੁੱਟ ਗਿਆ ਹੈ।ਹਮਲਾਵਰਾਂ ਨੇ ਗੱਡੀਆਂ ਦੀ ਬੁਰੀ ਤਰ੍ਹਾਂ ਭੰਨਤੋੜ ਕੀਤੀ। ਇਸ ਦੇ ਨਾਲ ਹੀ ਸੁਵੇਂਦੂ ਅਧਿਕਾਰੀ ਨੂੰ ਕਾਲੇ ਝੰਡੇ ਵੀ ਦਿਖਾਏ ਗਏ।

ਕਈ ਲੋਕ ਹੱਥਾਂ ਵਿੱਚ ਟੀਐਮਸੀ ਦੇ ਝੰਡੇ ਲੈ ਕੇ ਨਾਅਰੇਬਾਜ਼ੀ ਕਰਦੇ ਵੀ ਦਿਖਾਈ ਦੇ ਰਹੇ ਹਨ।ਟੀਐਮਸੀ ਨੇ ਭਾਜਪਾ ਦੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਟੀਐਮਸੀ ਦਾ ਕਹਿਣਾ ਹੈ ਕਿ ਭਾਜਪਾ ਨੇ ਖੁਦ ਰਾਜ ਸਰਕਾਰ ਨੂੰ ਬਦਨਾਮ ਕਰਨ ਲਈ ਇਹ ਡਰਾਮਾ ਰਚਿਆ ਹੈ। ਟੀਐਮਸੀ ਦੇ ਅਨੁਸਾਰ, ਭਾਜਪਾ ਵਿੱਚ ਅੰਦਰੂਨੀ ਕਲੇਸ਼ ਚੱਲ ਰਿਹਾ ਹੈ ਅਤੇ ਇਹ ਹਮਲਾ ਉਸੇ ਦਾ ਨਤੀਜਾ ਹੈ।

ਜਾਣਕਾਰੀ ਅਨੁਸਾਰ, ਸੁਵੇਂਦੂ ਅਧਿਕਾਰੀ ਹੋਰ ਪਾਰਟੀ ਵਰਕਰਾਂ ਨਾਲ ਕੂਚ ਬਿਹਾਰ ਵਿੱਚ ਐਸਪੀ ਦਫਤਰ ਪਹੁੰਚੇ ਹਨ, ਜਿੱਥੇ ਉਹ ਹਮਲੇ ਵਿਰੁੱਧ ਸ਼ਿਕਾਇਤ ਦਰਜ ਕਰਵਾਉਣਗੇ।

# ਪੰਜਾਬ ਕੋਲ ਵਾਧੂ ਪਾਣੀ ਨਹੀਂ

## ਨਾਸੂਰ ਬਣੇ ਮੁੱਦੇ ਦੇ ਹੱਲ ਲਈ ਰਾਹ ਕੱਢਾਂਗੇ:ਮਾਨ

ਚੰਡੀਗੜ੍ਹ:-ਕੇਂਦਰ ਸਰਕਾਰ ਦੀ ਅਗਵਾਈ ਫ਼ਰਸਤੋਂਚ ਅੱਜ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ‘ਤੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਪੰਜਵੇਂ ਗੇੜ ਦੀ ਹੋਈ ਦੁਵੱਲੀ ਵਾਰਤਾ ਦੋ ਕਦਮ ਅੱਗੇ ਵਧੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਕਿਹਾ ਕਿ ਜੇ ਕੇਂਦਰ ਸਰਕਾਰ ਸੱਚੀ ਨੀਅਤ ਨਾਲ ਸਿੰਧੂ ਜਲ ਸੰਧੀ ਦੇ ਰੱਦ ਹੋਣ ਦੇ ਵਜੋਂ ਚਨਾਬ ਦੇ ਪਾਣੀ ਦਾ ਮੋੜਾ ਪੰਜਾਬ ਦੇ ਡੈਮਾਂ ਵੱਲ ਕਰ ਦੇਵੇ ਤਾਂ ਪੰਜਾਬ ਤੇ ਹਰਿਆਣਾ ਦਾ ਮਸਲਾ ਹਮੇਸ਼ਾ ਲਈ ਖ਼ਤਮ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਸੁਖਾਵੇਂ ਮਾਹੌਲ ਵਿੱਚ ਮੀਟਿੰਗ ਹੋਈ ਅਤੇ ਇਸ ਮਾਮਲੇ ਦੇ ਹੱਲ ਲਈ ਅੱਗੇ ਵਧਣ ਦਾ ਰਸਤਾ ਬਣਿਆ ਹੈ।ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪਾਣੀਆਂ ਦਾ ਝਗੜਾ ਵਿਰਾਸਤ ਵਿੱਚ ਮਿਲਿਆ ਹੈ ਅਤੇ ਪੁਰਾਣੇ ਆਗੂਆਂ ਨੇ ਇਸ ਮਾਮਲੇ ‘ਤੇ ਸਿਆਸਤ ਖੇਡੀ, ਜਿਸ ਕਰਕੇ ਇਹ ਮੁੱਦਾ ਅੱਜ ਨਾਸੂਰ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿਚਾਲੇ ਕੋਈ ਝਗੜਾ ਨਹੀਂ ਹੈ।ਉਨ੍ਹਾਂ ਮੀਟਿੰਗ ‘ਚ ਸਾਫ਼ ਕਿਹਾ ਕਿ ਪੰਜਾਬ ਕੋਲ ਫ਼ਾਲਤੂ ਪਾਣੀ ਨਹੀਂ ਹੈ ਜਿਸ ਕਰਕੇ ਐੱਸਵਾਈਐੱਲ ਬਣਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਨੇ ਮੁੜ ਦੁਹਰਾਇਆ ਕਿ ਯਮੁਨਾ ਸਤਲੁਜ ਲਿੰਕ ਚੋਂ ਪੰਜਾਬ ਨੂੰ ਹਿੱਸਾ ਮਿਲਣਾ ਚਾਹੀਦਾ ਹੈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਵਿੱਚ ਕਿਹਾ ਕਿ ਭਾਖੜਾ ਨਹਿਰ ਕਾਫ਼ੀ ਪੁਰਾਣੀ ਹੋ ਗਈ ਹੈ ਜਿਸ ਦੇ ਟੁੱਟਣ ਦਾ ਖ਼ਤਰਾ ਹੈ ਜਿਸ ਕਰਕੇ ਹਰਿਆਣਾ ਨੂੰ ਇੱਕ ਬਦਲ ਵਜੋਂ ਨਵੀਂ ਨਹਿਰ ਦੀ ਲੋੜ ਹੈ।


GOLDEN STAR PAINTING



ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਲਿਬਰਲ ਸਾਂਸਦ ਗੁਰਬਖਸ਼ ਸੈਣੀ ਵੱਲੋਂ ਸੰਗੀਤਕ ਸ਼ਾਮ ਦਾ ਆਯੋਜਨ



ਵੈਨਕੂਵਰ(ਮਲਕੀਤ ਸਿੰਘ)-ਫਲੀਟਵੁੱਡ ਹਲਕੇ ਤੋਂ ਲਿਬਰਲ ਪਾਰਟੀ ਦੇ ਮੌਜੂਦਾ ਸਾਂਸਦ ਗੁਰਬਖਸ਼ ਸੈਣੀ ਵੱਲੋਂ ਆਪਣੀ ਕਾਮਯਾਬੀ ਉਪਰੰਤ ਆਪਣੇ ਸਮਰਥਕਾਂ ਦਾ ਧੰਨਵਾਦ ਕਰਨ ਲਈ ਤਾਜ ਪਾਰਕ 'ਚ ਇੱਕ ਸੰਗੀਤਕ ਸ਼ਾਮ ਅਤੇ ਡਿਨਰ ਪਾਰਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਚ ਪੁੱਜੇ ਉਹਨਾਂ ਦੇ ਸਮਰਥਕਾਂ ਤੇ ਹੋਰਨਾਂ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਹਾਜ਼ਰੀ ਭਰੀ ਗਈ। ਇਸ ਮੌਕੇ ਤੇ ਆਯੋਜਿਤ ਇੱਕ ਸੰਗੀਤਕ ਸ਼ਾਮ ਦੌਰਾਨ ਉੱਘੇ ਪੰਜਾਬੀ ਗਾਇਕ ਕੁਲਵਿੰਦਰ ਧਨੋਆ ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਛਹਿਬਰ ਲਗਾ ਕੇ ਹਾਜ਼ਰ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ। ਇਸ ਮੌਕੇ ਤੇ ਚੀਨੀ ਕਲਾਕਾਰਾਂ ਦੀ ਲੇਡੀਜ ਟੀਮ ਵੱਲੋਂ ਚੀਨੀ ਲਹਿਜੇ ਚ ਪੇਸ਼ ਕੀਤਾ ਗਿਆ ਡਾਂਸ ਵੀ ਵੇਖਣਯੋਗ ਸੀ। ਸੰਗੀਤਕ ਸਾਮ ਦੌਰਾਨ ਉਭਰਦੇ ਨੌਜਵਾਨ ਗਾਇਕ ਰੂਪ ਸਿੱਧੂ ਵੱਲੋਂ ਲੰਮੀ ਹੇਕ ਚ ਗਾਏ 'ਮਿਰਜ਼ਾ' ਗੀਤ ਦੀ ਪੇਸ਼ਕਾਰੀ ਨਾਲ ਸਮੁੱਚਾ ਹਾਲ ਹਾਜ਼ਰ ਮਹਿਮਾਨਾਂ ਦੀਆਂ ਤਾੜੀਆਂ ਦੀ ਗੜਗੜਾਹਟ ਨਾਲ ਹਾਲ ਗੂੰਜ ਓਠਿਆ ਇਸ ਮੌਕੇ ਤੇ ਸਾਂਸਦ ਗੁਰਬਖਸ ਸੈਣੀ ਵੱਲੋਂ ਆਪਣੇ ਸਿਆਸੀ ਸਫਰ ਦਾ ਜ਼ਿਕਰ ਕਰਦੇ ਹੋਏ ਆਪਣੇ ਸਮਰਥਕਾਂ ਤੇ ਬਾਕੀ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਉੱਘੇ ਬਿਜ਼ਨਸਮੈਨ ਮਨਜੀਤ ਸੈਣੀ ,ਚਰਨਜੀਤ ਸੈਣੀ ,ਵਕੀਲ ਜਗਮੋਹਨ ਸਿੰਘ ,ਇਸਵਿੰਦਰ ਘੱਗ ,ਰਾਣਾ ਕੰਗ ਗੁਰਪ੍ਰੀਤ ਸਰਪੰਚ ,ਦੀਪ ਬਾਜਪੁਰੀਆ ,ਡਾਕਟਰ ਨਿਰਮਲ ਰੰਧਾਵਾ ,ਰਵੀ ਭੁੱਲਰ, ਨਵਰੋਜ ਗੋਲਡੀ ਭੱਟੀ ਨਿਰਮਲ ਸਿੰਘ, ਪ੍ਰਦੀਪ ਸੰਘਾ, ਕਰਮਵੀਰ ਸੰਧੂ ਅਤੇ ਗੈਰੀ ਥਿੰਦ ਆਦਿ ਹਾਜ਼ਰ ਸਨ।


SAMARA
FRAMING LTD
RESIDENTIAL & COMMERCIAL
ਵਰਕਰਾਂ ਦੀ ਲੋੜ
ਸਾਡੇ ਕੋਲ LMIA ਉਪਲਬਧ ਹਨ
ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿਮ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਨਵੇਂ ਵੀ ਅਪਲਾਈ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ। ਕੰਮ ਫੁੱਲ ਟਾਈਮ ਹਫਤੇ ਵਿਚ 6 ਦਿਨ ਚੱਲੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਬਲਜੀਤ 604-561-5467, ਗੈਰੀ 604-816-8422



GAUTAM & ASSOCIATES
TRIAL LAWYERS


OUR AREAS OF EXPERTISE
*PERSONAL INJURY LAW
*VISA REFUSALS
*IMMEDIATE ROADSIDE
*PROHIBITIONS *FAMILY LAW
*CIVIL AND COMMERCIAL
*LITIGATION *WILLS AND ESTATES
ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC



DREAM BANQUET HALL
